# ਰਾਸ਼ਟਰੀ ਗ੍ਰਾਮੀਣ ਸਿਹਤ ਮਿਸ਼ਨ

**ਪੰਜਾਬ ਸਰਕਾਰ,**
**ਹੋਮਿਓਪੈਥਿਕ ਵਿਭਾਗ,**
**ਐਸ.ਸੀ.ਓ. ਨੰ: 3027-28, ਦੂਜੀ ਮੰਜਿਲ,**
**ਸੈਕਟਰ 22-ਡੀ, ਚੰਡੀਗੜ੍ਹ।**
**ਫੋਨ ਅਤੇ ਫੈਕਸ ਨੰ: 0172-2727023**

## ਠੇਕੇ ਦੇ ਅਧਾਰ ਤੇ ਭਰਤੀ-ਪੇਪਰ ਰੱਦ ਕਰਨ ਸਬੰਧੀ

ਐਨ.ਆਰ.ਐਚ.ਐਮ. ਸਕੀਮ ਅਧੀਨ ਠੇਕੇ ਦੇ ਅਧਾਰ ਤੇ 58 ਹੋਮਿਓਪੈਥਿਕ ਮੈਡੀਕਲ ਅਫਸਰਾਂ ਅਤੇ 55 ਹੋਮਿਓਪੈਥਿਕ ਡਿਸਪੈਂਸਰਾਂ ਦੀ ਭਰਤੀ ਕਰਨ ਲਈ ਸੀ.ਡੈਕ, ਮੋਹਾਲੀ ਰਾਹੀਂ ਮਿਤੀ 19.12.2010 ਨੂੰ ਉਮੀਦਵਾਰਾਂ ਦਾ ਲਿਖਤੀ ਇਮਤਿਹਾਨ ਲਿਆ ਗਿਆ ਸੀ, ਜਿਸ ਦਾ ਨਤੀਜਾ ਘੋਸ਼ਿਤ ਹੋਣ ਉਪਰੰਤ ਮਿਤੀ 12.02.2011 ਨੂੰ ਕਾਊਂਸਲਿੰਗ ਕੀਤੀ ਗਈ।

ਇਸ ਦੇ ਸਬੰਧ ਵਿੱਚ ਇਤਰਾਜ ਪ੍ਰਾਪਤ ਹੋਣ ਤੇ ਲਿਖਤੀ ਇਮਤਿਹਾਨ ਦੇ ਪ੍ਰਸ਼ਨ ਪੱਤਰਾਂ ਦੀ ਪੜਚੋਲ ਗੁਰੂ ਰਵੀਦਾਸ ਆਯੁਰਵੈਦਿਕ ਯੂਨੀਵਰਸਿਟੀ, ਹੁਸਿਆਰਪੁਰ ਵਲੋਂ ਨਾਮਜ਼ਦ ਮਾਹਰਾਂ ਪਾਸੋਂ ਕਰਵਾਈ ਗਈ, ਜਿਨਾਂ ਵਲੋਂ ਇਹ ਦੱਸਿਆ ਗਿਆ, ਕਿ ਹੋਮਿਓਪੈਥਿਕ ਮੈਡੀਕਲ ਅਫਸਰਾਂ ਅਤੇ ਹੋਮਿਓਪੈਥਿਕ ਡਿਸਪੈਂਸਰਾਂ ਦੇ ਪੇਪਰ ਵਿੱਚ ਬਹੁੱਤ ਪ੍ਰਸ਼ਨਾਂ ਦੇ ਉਤਰ ਦੀਆਂ ਆਪਸਨਾਂ ਠੀਕ ਨਹੀਂ ਸਨ।

ਇਸ ਲਈ ਸਰਕਾਰ ਵਲੋਂ ਪੂਰੇ ਵਿਚਾਰ ਉਪਰੰਤ ਇਨਾਂ ਆਸਾਮੀਆਂ ਸਬੰਧੀ ਲਏ ਗਏ ਲਿਖਤੀ ਇਮਤਿਹਾਨ ਨੂੰ ਰੱਦ ਕੀਤਾ ਗਿਆ ਹੈ ਅਤੇ ਇਹ ਫੈਸਲਾ ਲਿਆ ਗਿਆ ਹੈ, ਕਿ ਜਿਨਾਂ ਉਮੀਦਵਾਰਾਂ ਵਲੋਂ ਉਸ ਸਮੇਂ ਬਿਨੈਪੱਤਰ ਦਿੱਤਾ ਗਿਆ ਸੀ ਉਨਾਂ ਦਾ ਹੀ ਲਿਖਤੀ ਇਮਤਿਹਾਨ ਮੁੜ ਤੋਂ ਲਿਆ ਜਾਵੇ।

ਲਿਖਤੀ ਇਮਤਿਹਾਨ ਦਾ ਸਥਾਨ, ਮਿਤੀ ਅਤੇ ਸਮਾਂ ਇਸਤਿਹਾਰ ਰਾਹੀਂ ਅਤੇ ਵੈਬਸਾਈਟ http://recruitment.cdacmohali.in, www.pbhealth.gov.in ਅਤੇ www.pbnrhm.org ਤੇ ਦੱਸ ਦਿੱਤਾ ਜਾਵੇਗਾ । ਇਹ ਸਲਾਹ ਦਿੱਤੀ ਜਾਂਦੀ ਹੈ, ਕਿ ਇਨਾਂ ਵੈਬਸਾਈਟਾਂ ਨੂੰ ਨਿਯਮਤ ਤੋਰ ਤੇ ਚੈਕ ਕੀਤਾ ਜਾਵੇ।

ਸਹੀ/-
ਮੁੱਖੀ ਹੋਮਿਓਪੈਥਿਕ ਵਿਭਾਗ, ਪੰਜਾਬ।